੧ ੴ ਸਤਿਗੁਰਪ੍ਰਸਾਦਿ ॥

# ਸਿੱਖ ਇਤਿਹਾਸ

ਦਾ

# ਨਸ਼ਟ ਕਿਵੇਂ ਹੋਇਆ ?

G. 383

---

ਅਰਥਾਤ

ਜ਼ਿਆਰਤ ਮੁਲਤਾਨ, ਸੁਖਮਨੀ ਦੀ ਉਥਾਨਕਾ,
ਬਿਦਾਵਾ ਕਿਨ ਲਿਖਿਆ ? ਤਿੰਨ ਸਾਖੀਆਂ ਤੇ ਵਿਚਾਰ

ਲੇਖਕ

ਪੰਡਤ ਜਵਾਲਾ ਸਿੰਘ ਜੀ 'ਨਾਰੰਗ'

DYAL SINGH LAHORE LIBRARY.

ਪ੍ਰਕਾਸ਼ਕ !

**ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ**

ਪੁਸਤਕਾਂ ਛਾਪਣ ਤੇ ਵੇਚਣ ਵਾਲੇ

ਮਾਲਕ ਗੁਰਮਤ ਨੈਸ਼ਨਲ ਏਜੰਸੀ ਬਜ਼ਾਰਮਾਈ ਸੇਵਾਂ ਅੰਮ੍ਰਿਤਸਰ

ਮੁੱਲ ।=)

# ਭੂਮਿਕਾ

ਸਿਖ ਇਤਿਹਾਸ ਵਿਚ ਜੋ ਹੇਰਾ ਫੇਰੀ ਹੁੰਦੀ ਆਈ ਹੈ, ਉਸਦਾ ਸਬੂਤ ਸਾਨੂੰ ਸਿਖ ਇਤਿਹਾਸ ਵਿਚ ਇਸ ਪ੍ਰਕਾਰ ਮਿਲਦਾ ਹੈ:-

੧

ਭਾਈ ਮਨੀ ਸਿੰਘ ਜੀ 'ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' ਦੇ ਆਰੰਭ ਵਿਚ ਲਿਖਦੇ ਹਨ:-

ਪ੍ਰਸ਼ਨ-ਇਕ ਸਮੇਂ ਭਾਈ ਮਨੀ ਸਿੰਘ ਜੀ ਕੇ ਪਾਸ ਸਿਖਾਂ ਨੇ ਬੇਨਤੀ ਕੀਤੀ, ਕਿ ਗੋਸ਼ਟ 'ਜਨਮ ਸਾਖੀ ਪਹਿਲੀ ਪਾਤਸ਼ਾਹੀ' ਦੀ ਜੋ ਹੈ ਉਸਦੇ ਵਿਚ "ਛੋਟੇ ਮੇਲ ਵਾਲਿਆਂ" ਨੇ "ਕਈ ਜੁਗਤਾਂ ਅਣਬਣਦੀਆਂ ਪਾਇ ਦਿੱਤੀਆਂ ਹੈਨ" ਜਿਸਨੂੰ ਸੁਣਕੇ ਸਿੱਖਾਂ ਦਾ ਸਿਦਕ ਗੁਰੂ ਵਲੋਂ ਘਟ ਜਾਂਦਾ ਹੈ। ਜੈਸੇ ਦੂਧ ਮੇਂ ਪਾਣੀ ਰਲਾਇ ਦਿਚੇ ਤੇ ਹੰਸ ਉਸਨੂੰ ਭਿੰਨ ਭਿੰਨ ਕਰ ਲੈਂਦਾ ਹੈ, ਤੈਸੇ ਤੁਸੀਂ ਮਹਾਂ ਹੰਸ ਹੋ, ਕ੍ਰਿਪਾ ਕਰਕੇ "ਗੁਰੂ ਕੇ ਬਚਨ" ਤੇ "ਮੀਣਿਆਂ ਕੇ ਬਚਨ" ਭਿੰਨ ਭਿੰਨ ਕਰ ਦੇਵੋ ?

ਉਤ੍ਰ-ਤਾਂ ਭਾਇ ਮਨੀ ਸਿੰਘ ਜੀ ਬਚਨ ਕੀਤਾ ਕਿ ਜਿਸ ਸਮੇਂ ਪੰਜਵੇਂ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮ੍ਰਿਯਾਦਾ ਕੀਤੀ ਹੈ, ਤਿਸ ਸਮੇਂ ਸਿਖਾਂ ਅਰਦਾਸ ਕੀਤੀ, ਜੋ ਗੋਸ਼ਟਾਂ ਦੀ ਮ੍ਰਿਯਾਦਾ ਕੋਈ ਨਹੀਂ ਹੋਈ, ਮਤ

ਭਾਈ ਸੰਤੋਖ ਸਿੰਘ ਜੀ 'ਸਰੋਤਨ ਸੰਦੇਹ ਮਿਟਾਵਨ' ਲਈ ਇਸ ਪਰਕਾਰ ਲਿਖਦੇ ਹਨ:–

ਚੌਪਈ

ਕੀਰਤਿ ਨਿਰਮਲ ਸੁਖਦ ਸੁਧਾ ਸੀ।
ਸੁਰ ਸਿਖਨ ਹਿਤ ਸੁਧ ਨਿਕਾਸੀ।
ਨਿਸਚਰ ਸਾਕਤ ਸਮ ਮਤਵਾਰੇ।
ਦੇਯ ਨ ਪੀਯਨ, ਬਿਘਨ ਪਸਾਰੇ ॥ ੨ ॥
ਭਯੋ ਰਾਹਿ ਹਿੰਦਾਲੇ ਜਾਯਾ।
ਜਿਨ ਪੁਸਤਕ ਬਿਪਰੀਤਿ ਬਨਾਯਾ।
ਜਸ ਰਾਕਾ ਸਸਿ ਗ੍ਰਸਨ ਕੀਨਾ।
ਮੂਰਖ ਮਤਿ ਕਲਿ ਮਲਨ ਮਲੀਨਾ ॥ ੪ ॥

ਦੋਹਿਰਾ

ਪੂਰਬ ਪੋਥੀ ਜੋ ਲਿਖੀ 'ਸ੍ਰੀ ਨਾਨਕ ਇਤਿਹਾਸ'।
ਲਿਖਵਾਈ ਅੰਗਦ 'ਗੁਰੂ' ਬਾਲੇ ਬਦਨ ਪ੍ਰਕਾਸ਼ ॥੧੩॥

ਚੌਪਈ

ਜਬ ਬੈਕੁੰਠ ਅੰਗਦ ਗੁਰ ਗਏ।
ਅਮਰ ਦਾਸ ਗੁਰ ਹੋਵਤ ਭਏ।
ਬਹੁ ਸਿਖਨ ਕੋ ਕੀਨ 'ਉਧਾਰਾ'।
ਦੰਭ ਮਾਰਗ ਭਵ ਨਿਰਵਾਰਾ ॥ ੧੪ ॥
ਅਮਰ ਦਾਸ ਗੁਰ ਤੇ ਪਸਚਾਤਾ।
ਰਾਮਦਾਸ ਭੇ ਭਵ ਬਧਜਾਤਾ।
ਤਿਨ ਹਦੂਰ ਸਿਖ ਭਯੋ 'ਹਿੰਦਾਲਾ'।
ਤਾਂ ਪਰ ਸ੍ਰੀ ਗੁਰੁ ਬਹੁਤ ਕ੍ਰਿਪਾਲਾ ॥ ੧੫ ॥



ਦੋਹਿਰਾ

ਤਿਹ ਕੀ ਸੰਤਤਿ ਕੇ ਵਿਖੈ ਇਕ ਸਾਕਤ ਭਾ ਨੀਚ।
'ਸ੍ਰੀਨਾਨਕ ਇਤਿਹਾਸ' ਜੋ ਆਵਾ ਤਿਹ ਕਰ ਬੀਚ ।੨੧।

ਚੌਪਈ

"ਗੁਰ ਅੰਗਦ ਜੀ ਜੋ ਲਿਖਵਾਈ।
ਵਹੁ ਨਹਿ ਲਿਖੀ, ਰਹੀ ਇਕ ਥਾਈ।"
ਇਕ 'ਕਬੀਰ ਬੰਸੀ' ਮਿਲ ਤਾਹੀ।
ਸੋ ਪੋਥੀ ਪਢ ਗੁਨ ਮਨ ਮਾਹੀ ॥ ੨੨ ॥
ਕਰ ਕੁ-ਕਰਮ 'ਅਨ' ਸੋਧ ਬਨਾਈ।
ਅਪਨ ਵਡਿਨ ਕੀ ਕੀਰਤਿ ਪਾਈ।
ਬਚਨ ਅਨੁਚਿਤ ਲਿਖੇ ਸਮੁਦਾਏ।
ਜਿਨਕੇ ਪਢਨ ਸੁਨਤਿ ਅਘ ਪਾਏ ॥ ੨੩ ॥
"ਪੂਰਬ ਪੋਥੀ ਹੁਤੀ ਜੁ ਸੋਈ।
ਦਈ ਬਿਪਾਸਾ ਬੀਚ ਡਬੋਈ ॥ ੨੭ ॥
ਪੰਨੇ ਛੇਦੇ ਦਏ ਬਹਾਈ।
ਜੋ ਸ੍ਰੀ ਗੁਰੁ ਅੰਗਦ ਲਿਖਵਾਈ" ॥ ੨੮ ॥

ਚੌਪਈ

ਜੋ ਸਾਕਤ ਕੀ ਕਹੀ 'ਕੁ-ਸਾਖੀ'।
ਖੀਰ ਬੀਚ ਸੋ ਜਾਨਹੁ ਮਾਖੀ।
ਕਾਢਹਿ ਮਾਖੀ ਦੇਖਹਿ ਜੋਊ।
ਪੀਵਹਿ ਪਾਇ ਮਿਸਟ ਸਿਖ ਸੋਊ ॥ ੩੪ ॥
ਕੀਰਤਿ ਨਿਰਮਲ ਜੋ ਉਰ ਧਾਰਹਿ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.